# ਪੰਜਾਬੀ ਨਾਵਲਾਂ ਦੇ ਨਵ-ਇਤਿਹਾਸਵਾਦੀ ਸਰੋਕਾਰ

ਪੰਜਾਬੀ ਨਾਵਲ ਦਾ ਇਤਿਹਾਸ ਇਕ ਲੰਮੇ ਦੌਰ ਵਿਚੋਂ ਗੁਜ਼ਰਿਆ ਹੈ। ਬੇਸ਼ਕ ਸਾਹਿਤਕ ਕਲਾ-ਰੂਪ ਪੱਖੋਂ ਇਸਦੇ ਬਹੁਤ ਸਾਰੇ ਤੱਤ, ਇਸ ਨੂੰ ਭਾਰਤੀ ਬਿਰਤਾਂਤ ਦੀ ਇਕ ਲੰਮੀ ਪਰੰਪਰਾ ਦੇ ਨਾਲ ਵੀ ਜੋੜਦੇ ਹਨ। ਪਰ ਆਧੁਨਿਕ ਕਾਲ ਵਿਚ ਵਿਕਸਤ ਹੋਈ ਮੱਧ-ਵਰਗੀ ਸਮਾਜਕ ਚੇਤਨਾ ਅਤੇ ਇਸਦੀਆਂ ਲੋੜਾਂ ਨੇ ਜੋ ਬਦਲਾਵ ਅਤੇ ਵਿਕਾਸ ਪੰਜਾਬੀ ਨਾਵਲ ਵਿਚ ਕੀਤਾ ਹੈ ਉਸ ਨਾਲ ਇਸਦਾ ਪੂਰਾ ਮੁਹਾਂਦਰਾ ਹੀ ਬਦਲ ਗਿਆ ਹੈ। ਭਾਰਤ ਵਿਚ ਆਧੁਨਿਕ ਯੁੱਗ ਦਾ ਆਰੰਭ ਬਰਤਾਨਵੀ ਹਕੂਮਤ ਦੀ ਗ਼ੁਲਾਮੀ, ਵਿਗਿਆਨਕ ਸੋਚ ਦੀ ਆਮਦ, ਮਸ਼ੀਨੀਕਰਣ ਅਰਥਾਤ ਪੱਛਮੀ ਸਮਾਜ-ਸਭਿਆਚਾਰ ਦੇ ਗ਼ਲਬੇ ਦੇ ਰੂਪ ਜਿਹੇ ਵਰਤਾਰਿਆਂ ਨਾਲ ਹੋਇਆ ਵੇਖਿਆ ਜਾ ਸਕਦਾ ਹੈ। ਪੱਛਮੀ ਜੀਵਨ-ਦ੍ਰਿਸ਼ਟੀ ਨੇ ਇਥੋਂ ਦੇ ਰੋਜ਼ਾਨਾ ਜੀਵਨ-ਵਿਹਾਰ ਨੂੰ ਡੂੰਘੀ ਤਰ੍ਹਾਂ ਅਸਰ-ਅੰਦਾਜ਼ ਕੀਤਾ, ਇਸਦਾ ਕਾਰਣ ਵਿਦੇਸ਼ੀ ਹਕੂਮਤ ਦੀਆਂ ਸਿਆਸੀ, ਸਾਮਰਾਜਵਾਦੀ ਨੀਤੀਆਂ ਵੀ ਮੰਨੀਆਂ ਜਾਂਦੀਆਂ ਹਨ। ਇਸ ਸਾਰੇ ਅਮਲ ਨੇ ਸਮੁੱਚੇ ਭਾਰਤੀ ਜੀਵਨ ਅਤੇ ਗਿਆਨ-ਪ੍ਰਬੰਧ ਨੂੰ ਇਕ ਸੋਚੀ ਸਮਝੀ ਨੀਤੀ ਹੇਠ ਦਬਾਉਣ ਅਤੇ ਘਟਾਉਣ ਦਾ ਜਤਨ ਕੀਤਾ, ਜਿਸ ਵਿਚ ਇਸ ਨੂੰ ਕਾਫ਼ੀ ਹੱਦ ਤਕ ਕਾਮਯਾਬੀ ਵੀ ਹਾਸਲ ਹੋਈ। ਦੁਨੀਆ ਦੀਆਂ ਪ੍ਰਾਚੀਨ ਸਭਿਅਤਾਵਾਂ ਵਿਚੋਂ ਇਕ, ਭਾਰਤ ਦੀਆਂ ਗਿਆਨ-ਪਰੰਪਰਾਵਾਂ ਨੇ ਮਾਨਵ-ਜੀਵਨ ਦੇ ਸਰੋਕਾਰਾਂ ਨਾਲ ਭਰਪੂਰ ਬਹੁਤ ਸਾਰੀਆਂ ਜੀਵਨ-ਦ੍ਰਿਸ਼ਟੀਆਂ ਦਾ ਵਿਕਾਸ ਕੀਤਾ ਅਤੇ ਅਮਲ ਵਿਚ ਲਿਆਂਦਾ। ਪਰ ਆਧੁਨਿਕ-ਕਾਲ ਦੀ ਆਮਦ ਕਿਉਂਕਿ ਬਸਤੀਵਾਦ ਦੇ ਸਮਾਨੰਤਰ ਹੋਈ, ਇਸ ਲਈ ਇਸ ਨਵੀਂ ਗਿਆਨ-ਵਿਗਿਆਨ ਦੀ ਪ੍ਰਕਿਰਿਆ ਦਾ ਵਿਕਾਸ ਕਿਸੇ ਵੀ ਸੰਵਾਦ ਤੋਂ ਰਹਿਤ, ਸਿਰਫ਼ ਬਸਤੀਵਾਦੀ ਹਕੂਮਤ ਦੀ ਸਥਾਪਨਾ ਵਿਚ ਮਦਦ ਕਰਨ ਲਈ ਵਧੇਰੇ ਹੋਇਆ। ਬਸਤੀਵਾਦੀ ਹਕੂਮਤ ਨੂੰ ਆਪਣੀ ਸੱਤਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਜ਼ਰੂਰੀ ਸੀ ਕਿ ਇਥੋਂ ਦੇ ਵਸਨੀਕਾਂ ਨੂੰ ਆਪਣੇ ਸਭਿਆਚਾਰਕ ਰੰਗ ਵਿਚ ਰੰਗ ਲੈਣ ਅਤੇ ਆਪਣੇ ਸਮਾਜ ਦੀਆਂ ਵਡਿਆਈਆਂ ਕਰਕੇ, ਇਥੋਂ ਦੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਗ਼ੁਲਾਮ ਬਣਾ ਲੈਣ। ਇਸ ਵਾਸਤੇ ਬਰਤਾਨਵੀ ਹਕੂਮਤ ਨੇ ਇਕ ਸੋਚੀ ਸਮਝੀ ਨੀਤੀ ਹੇਠ, ਇਥੋਂ ਦੀਆਂ ਸਮਾਜਕ-ਸਭਿਆਚਾਰਕ ਰਵਾਇਤਾਂ ਨੂੰ ਵਿਗਿਆਨਕ ਤਰਕ ਉੱਪਰ ਨੀਵਾਂ ਅਤੇ ਘਟੀਆ ਸਾਬਤ ਕਰਨ ਦੀ ਕੋਸ਼ਿਸ਼ ਕੀਤੀ, ਇਥੋਂ ਦੇ ਇਤਿਹਾਸ ਦੀ ਆਪਣੀ ਇਕ ਵੱਖਰੀ ਕਿਸਮ ਦੀ ਪਰੰਪਰਾ ਨੂੰ ਮਿਥਿਹਾਸ ਜਾਂ ਝੂਠ ਕਹਿ ਕੇ ਇਸ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕੀਤਾ ਗਿਆ। ਆਪਣੇ ਇਤਿਹਾਸਕ ਵਿਰਸੇ ਵਿਚ ਭਰੋਸਾ ਘੱਟਣ ਕਾਰਣ, ਦੇਸ਼

ਅਜ਼ਾਦ ਹੋਣ ਤੋਂ ਸੱਠ ਸਾਲ ਬਾਅਦ ਵੀ ਅਸੀਂ ਜ਼ਿਹਨੀ ਤੌਰ ‘ਤੇ ਹਾਲੇ ਵੀ ਉਸੇ ਬਸਤੀਵਾਦੀ ਗ਼ੁਲਾਮੀ ਦੇ ਸ਼ਿਕਾਰ ਹਾਂ।

ਬਸਤੀਵਾਦੀ ਦੌਰ ਵਿਚ ਵਿਕਸਤ ਹੋਏ ਆਧੁਨਿਕ ਕਾਲ ਦੇ ਇਸ ਸਾਹਿਤਕ ਰੂਪਾਕਾਰ ਦਾ ਅਧਿਐਨ ਜਦ ਅਸੀਂ ਇਨ੍ਹਾਂ ਤੱਥਾਂ ਦੇ ਮੱਦੇ-ਨਜ਼ਰ ਕਰਦੇ ਹਾਂ ਤਾਂ ਇਕ ਵੱਖਰੀ ਕਿਸਮ ਦਾ ਸਾਹਿਤਕ ਅਨੁਭਵ ਹੁੰਦਾ ਹੈ। ਇਸ ਚਰਚਾ ਦਾ ਭਾਵ ਇਹ ਹੈ ਸਕਿ ਬਸਤੀਵਾਦ ਦੀ ਇਹੋ-ਜਿਹੀ ਪ੍ਰਕਿਰਿਆ ਦੀ ਸੋਝੀ ਪੈਦਾ ਹੋਣ ਮਗਰੋਂ, ਉੱਤਰ-ਬਸਤੀਵਾਦੀ ਦੌਰ ਨੇ ਇਕ ਨਵੀਂ ਚੇਤਨਾ ਪੈਦਾ ਕੀਤੀ। ਉਹ ਸੀ ਆਪਣੇ ਇਤਿਹਾਸਕ ਵਿਰਸੇ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਚੇਤਨਾ। ਸਾਹਿਤ ਦਾ ਸਮਾਜ ਨਾਲ ਬਹੁਤ ਹੀ ਡੂੰਘਾ ਰਿਸ਼ਤਾ ਰਿਹਾ ਹੈ, ਇਸ ਲਈ ਸਮਾਜ ਵਿਚ ਆਉਣ ਵਾਲੀਆਂ ਸਾਰੀਆਂ ਤਬਦੀਲੀਆਂ ਦਾ ਅਸਲ ਅਸਰ ਅਸੀਂ ਸਾਹਿਤਕ ਕਿਰਤਾਂ ਵਿਚੋਂ ਵਧੇਰੇ ਸੰਜੀਦਗੀ ਨਾਲ ਵੇਖ ਸਕਦੇ ਹਾਂ। ਇਤਿਹਾਸਕ ਤੱਥਾਂ ਦੀ ਵਿਆਖਿਆ ਨਾਲ ਹੋਈ ਇਸ ਬਸਤੀਵਾਦੀ ਦਖ਼ਲ-ਅੰਦਾਜ਼ੀ ਨੇ, ਪਿਛਲੇ ਕੁਝ ਵਰ੍ਹਿਆਂ ਵਿਚ ਸਾਹਿਤ ਨੂੰ ਇਕ ਨਵਾਂ ਸਮੱਸਿਆਕਾਰ ਪ੍ਰਦਾਨ ਕੀਤਾ ਹੈ। ਪੰਜਾਬੀ ਨਾਵਲ ਦਾ ਇਕ ਲੰਮਾ ਸਮਾਂ, ਯਥਾਰਥਵਾਦੀ ਵਿਧੀ ਦੇ ਸਹਾਰੇ ਸਮਾਜਕ-ਸਮੱਸਿਆਵਾਂ ਨੂੰ ਪੇਸ਼ ਕਰਨ ਵਲ ਰੁਚਿਤ ਰਿਹਾ ਸੀ। ਪੰਜਾਬ ਦਾ ਸਿਆਸੀ, ਸਮਾਜੀ ਜਾਂ ਸਭਿਆਚਾਰਕ ਮਾਹੌਲ ਜਿਸ ਕਿਸੇ ਵੀ ਬਦਲਾਵ, ਤਨਾਓ ਜਾਂ ਵਿਕਾਸ ਦੇ ਦੌਰ ਰਾਹੀਂ ਲੰਘਦਾ ਰਿਹਾ ਹੈ, ਪੰਜਾਬੀ ਨਾਵਲ ਨੇ ਉਸ ਦੌਰ ਦੀਆਂ ਸਾਰੀਆਂ ਹਕੀਕਤਾਂ ਨਾਲ ਸਰੋਕਾਰ ਰੱਖਿਆ ਹੈ ਅਤੇ ਨਾਵਲ ਰਾਹੀਂ ਆਮ ਆਦਮੀ ਦੇ ਜੀਵਨ ਦਾ ਪ੍ਰਤੀ-ਉਤਰ ਦੇਣ ਦਾ ਉਪਰਾਲਾ ਵੀ ਕੀਤਾ ਹੈ।

ਅਜੋਕੇ ਸਮੇਂ ਵਿਚ ਜਦੋਂ ਗਿਆਨ-ਵਿਗਿਆਨ ਦੇ ਪਸਾਰ ਨੇ ਜੀਵਨ-ਦ੍ਰਿਸ਼ਟੀਆਂ ਵਿਚ ਬਦਲਾਵ ਲਿਆਂਦਾ ਅਰਥਾਤ ਉੱਤਰ-ਆਧੁਨਿਕਤ ਜੀਵਨ-ਮੁੱਲਾਂ ਦੀ ਚੇਤਨਾ ਦਾ ਪਸਾਰ ਹੋਇਆ ਤਾਂ ਇਸਦੇ ਨਾਲ ਹੀ ਇਸ ਗੱਲ ਦੀ ਜ਼ਰੂਰਤ ਵੀ ਮਹਿਸੂਸ ਹੋਈ ਕਿ ਬਸਤੀਵਾਦੀ ਦੌਰ ਵਿਚ ਜਿਨ੍ਹਾਂ ਭਾਰਤੀ ਇਤਿਹਾਸ ਅਤੇ ਗਿਆਨ-ਪਰੰਪਰਾਵਾਂ ਦਾ ਘਾਣ ਕੀਤਾ ਗਿਆ ਸੀ ਉਸ ਨੂੰ ਨਵੇਂ ਸਿਰੇ ਤੋਂ ਪੇਸ਼ ਕੀਤਾ ਜਾਏ। ਇਹੋ, ਉੱਤਰ-ਬਸਤੀਵਾਦੀ ਚੇਤਨਾ ਦਾ ਦੌਰ ਹੈ ਜਿਸ ਵਿਚ ਬਸਤੀਵਾਦ ਦੀ ਜ਼ਿਹਨੀ-ਗ਼ੁਲਾਮੀ ਤੋਂ ਮੁਕਤ ਹੋਣ ਦੇ ਬਹੁ-ਪਸਾਰੀ ਜਤਨ ਹੋ ਰਹੇ ਹਨ। ਇਸੇ ਨਵ-ਇਤਿਹਾਸਵਾਦੀ ਚੇਤਨਾ ਨੇ, ਸਾਹਿਤ ਸਿਰਜਣਾ ਨੂੰ ਵੀ ਪ੍ਰਭਾਵਿਤ ਕੀਤਾ ਹੈ ਅਤੇ ਪੰਜਾਬੀ ਦੇ ਨਾਵਲਕਾਰ ਵੀ, ਇਤਿਹਾਸ-ਮਿਥਿਹਾਸ ਦੇ ਵਿਸ਼ਿਆਂ ਨੂੰ ਸਮਾਜਕ-ਸਭਿਆਚਾਰਕ ਸਰੋਕਾਰਾਂ ਨਾਲ ਪੁਨਰ-ਪਰਿਭਾਸ਼ਤ ਕਰਨ ਲਈ ਸਾਹਿਤ-ਸਿਰਜਣਾ ਕਰ ਰਹੇ ਹਨ। ਭਾਵੇਂ ਕਿ ਪੰਜਾਬੀ ਵਿਚ ਇਤਿਹਾਸਕ ਨਾਵਲ ਲਿਖਣ ਦੀ ਪਰੰਪਰਾ ਮੁੱਢ ਤੋਂ ਹੀ

ਚਲੀ ਆ ਰਹੀ ਹੈ ਜਿਵੇਂ ਕਿ ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ'। ਪਰ ਨਿਰੋਲ ਇਤਿਹਾਸਕ ਨਾਵਲ ਲਿਖਣਾ ਜਾਂ ਇਤਿਹਾਸਕ-ਮਿਥਿਹਾਸਕ ਤਥਾਂ ਦੀ ਪੁਨਰ-ਵਿਆਖਿਆ ਕਿਸੇ ਵਿਸ਼ੇਸ਼ ਵਿਚਾਰਧਾਰਕ ਸਰੋਕਾਰਾਂ ਤੋਂ ਕਰਨੀ, ਦੋ ਵੱਖਰੀਆਂ ਪ੍ਰਕਿਰਿਆਵਾਂ ਹਨ। ਵਰਤਮਾਨ ਸਮੇਂ ਵਿਚ ਸਾਨੂੰ ਗਿਆਨ-ਵਿਗਿਆਨ ਦੇ ਨਵੇਂ ਤਜਰਬਿਆਂ ਨੇ ਬਹੁਤ ਹੀ ਵਿਕਸਤ ਅੰਤਰ-ਦ੍ਰਿਸ਼ਟੀਆਂ ਦਿਤੀਆਂ ਹਨ। ਇਸੇ ਲਈ ਉਨ੍ਹਾਂ ਅੰਤਰ-ਦ੍ਰਿਸ਼ਟੀਆਂ ਨਾਲ ਸਮਾਜਕ-ਸਭਿਆਚਾਰਕ ਵਿਰਸੇ ਦਾ ਪੁਨਰ-ਮੁਲਾਂਕਣ ਕਰਨਾ, ਇਤਿਹਾਸਕ-ਮਿਥਿਹਾਸਕ ਤੱਥਾਂ ਦਾ ਖੋਜਾਰਥੀ-ਅਧਿਅਨ ਕਰਕੇ ਕਿਸੇ ਬਿਰਤਾਂਤਕ ਸਿਰਜਣਾ ਨੂੰ ਅੰਜਾਮ ਦੇਣਾ, ਸੁਭਾਵਕ ਹੀ ਹੈ ਕਿਉਂਕਿ ਲੇਖਕ ਇਨ੍ਹਾਂ ਸਥਿਤੀਆਂ ਅਤੇ ਚੇਤਨਾਵਾਂ ਨੂੰ ਵਧੇਰੀ ਸੰਵੇਦਨਸ਼ੀਲਤਾ ਨਾਲ ਗ੍ਰਹਿਣ ਕਰਨ ਵਿਚ ਸਮਰਥ ਹੁੰਦਾ ਹੈ।

ਉਪਰੋਕਤ ਚਰਚਾ ਦੇ ਮੱਦੇਨਜ਼ਰ ਅਸੀਂ ਪਿਛਲੇ ਕੁਝ ਸਮੇਂ ਵਿਚ ਸਾਹਮਣੇ ਆਏ ਪੰਜਾਬੀ ਦੇ ਚਰਚਿਤ ਨਾਵਲਾਂ ਦਾ ਜ਼ਿਕਰ ਕਰ ਸਕਦੇ ਹਾਂ, ਜਿਨ੍ਹਾਂ ਵਿਚ ਪ੍ਰਮੁੱਖ ਹਨ:

- ਮਨਮੋਹਨ ਬਾਵਾ-ਅਫ਼ਗਾਨਿਸਤਾਨ ਦੀ ਉਰਸੁਲਾ, ਯੁੱਧਨਾਦ, ਯੁੱਗਅੰਤ
- ਬਲਦੇਵ ਸਿੰਘ-ਪੰਜਵਾਂ ਸਾਹਿਬਜ਼ਾਦਾ, ਢਾਹਵਾਂ ਦਿੱਲੀ ਦੇ ਕਿੰਗਰੇ
- ਹਰਜੀਤ ਅਟਵਾਲ-ਅਕਾਲ ਸਹਾਏ
- ਮਨਮੋਹਨ-ਨਿਰਵਾਣ

ਇਨ੍ਹਾਂ ਸਾਰੇ ਨਾਵਲਾਂ ਦੇ ਵਿਸ਼ੇ ਭਾਵੇਂ ਵੱਖੋ-ਵੱਖਰੇ ਹਨ ਪਰ ਇਨ੍ਹਾਂ ਦੀਆਂ ਸਿਰਜਣਾਵਾਂ ਪਿਛੇ ਪਈ ਨਵ-ਇਤਿਹਾਸਵਾਦੀ ਚੇਤਨਾ ਸਾਂਝੀ ਹੈ। ਇਹ ਨਾਵਲ ਵੱਖ-ਵੱਖ ਵਿਚਾਰਧਾਰਕ ਸਰੋਕਾਰਾਂ ਦਾ ਪੱਖ ਪੂਰਦਿਆਂ ਵੀ ਭਾਰਤੀ ਇਤਿਹਾਸ-ਮਿਥਿਹਾਸ ਦੇ ਬਿਰਤਾਂਤ ਨੂੰ ਬਸਤੀਵਾਦੀ ਗ਼ੁਲਾਮੀ ਦੀ ਜ਼ਿਹਨੀਅਤ ਤੋਂ ਮੁਕਤ ਕਰਾਉਣ ਦਾ ਜਤਨ ਕਰਦੇ ਹਨ। ਜਿਵੇਂ ਕਿ ਮਨਮੋਹਨ ਬਾਵਾ ਦਾ ਨਾਵਲ ਅਫ਼ਗਾਨਿਸਤਾਨ ਦੀ ਉਰਸੁਲਾ ਛੋਟੇ ਆਕਾਰ ਦਾ ਨਾਵਲ ਹੈ ਅਤੇ ਇਸਦਾ ਸਰੋਕਾਰ ਅਫ਼ਗ਼ਾਨਿਸਤਾਨ ਦੇ ਇਕ ਖਾਸ ਸਮੇਂ ਦੇ ਇਤਿਹਾਸ ਨਾਲ ਹੈ। ਇਕ ਯਾਤਰਾ ਸੰਸਮਰਣ ਵਾਂਗ ਇਹ ਨਾਵਲ ਇਤਿਹਾਸਕ ਤੱਥਾਂ ਨੂੰ ਨਾਲ ਲੈ ਕੇ ਅਤੇ ਯਥਾਰਥਕ ਪਾਤਰਾਂ ਨੂੰ ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਾਕੇ ਪਾਠਕਾਂ ਨੂੰ ਇਤਿਹਾਸ ਦਾ ਜੀਉਂਦਾ ਜਾਗਦਾ ਅਨੁਭਵ ਕਰਵਾ ਦਿੰਦਾ ਹੈ। ਘਟਨਾਵਾਂ ਅਤੇ ਸਥਿਤੀਆਂ ਦਾ ਵੇਰਵਾ ਦਿੰਦਿਆਂ ਉਸ ਸਮੇਂ-ਸਥਾਨ ਦੇ ਭੂਗੋਲ ਦਾ ਪੂਰਾ ਦ੍ਰਿਸ਼ ਇਕ ਨਿਪੁੰਨ ਚਿੱਤਰਕਾਰ ਵਾਂਗ ਪਾਠਕਾਂ ਦੇ ਮੰਨ ਉੱਪਰ ਉਲੀਕ ਦਿੰਦਾ ਹੈ।

ਇਸ ਨਾਵਲ ਦਾ ਵਿਸ਼ਾ 1839-1842 ਦੀਆਂ ਉਨ੍ਹਾਂ ਘਟਨਾਵਾਂ ਨਾਲ ਸੰਬੰਧਤ ਹੈ ਜਦੋਂ ਅੰਗ੍ਰੇਜ਼ਾਂ ਨੇ ਕੁਝ ਸਮੇਂ ਲਈ ਅਫ਼ਗਾਨਿਸਤਾਨ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ ਪਰ ਛੇਤੀ ਹੀ ਮਗਰੋਂ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਅਫ਼ਗਾਨ ਲੜਾਕਿਆਂ ਨੇ ਦੇਸ਼ ਛੱਡਕੇ ਜਾ ਰਹੀ ਪੂਰੀ ਫੌਜ ਦਾ ਸਫਾਇਆ ਕਰ ਦਿੱਤਾ ਸੀ। ਇਹ ਇਤਿਹਾਸ ਦੀ ਉਹ ਘਟਨਾ ਹੈ ਜੋ ਇਸ ਨਾਵਲ ਦੇ ਘਟਨਾ-ਕਾਲ ਨੂੰ ਨਿਰਧਾਰਤ ਕਰ ਦਿੰਦੀ ਹੈ। ਨਾਵਲ ਦਾ ਘਟਨਾ-ਕ੍ਰਮ ਇਤਿਹਾਸ ਦੇ ਇਸੇ ਕਾਲ ਵਿਚ, ਪਹਿਲੋਂ ਵਾਪਰ ਚੁੱਕੀਆਂ ਘਟਨਾਵਾਂ ਨੂੰ ਹੀ ਬਿਰਤਾਂਤ ਸਿਰਜਣ ਦਾ ਸਾਧਨ ਬਣਾਉਂਦਾ ਹੈ। ਕਰੀਬ 165 ਸਾਲ ਪਹਿਲਾਂ ਦੇ ਇਤਿਹਾਸਕ ਪਹਿਲੂਆਂ ਨੂੰ ਅਜੋਕੇ ਸਮੇਂ ਵਿਚ ਪੁਨਰ-ਜੀਵਤ ਕਰਕੇ ਵੇਖਣ ਨਾਲ ਬਹੁਤ ਸਾਰੀਆਂ ਨਵੀਆਂ ਗੱਲਾਂ ਸੁਲਝੇ ਹੋਏ ਰੂਪ ਵਿਚ ਸਮਝ ਆਉਂਦੀਆਂ ਹਨ। ਬਿਰਤਾਂਤਕਾਰ ਦਾ ਸੂਝਵਾਨ ਅਤੇ ਸਿਆਣਪ ਵਾਲਾ ਲੇਖਨ-ਸ਼ੈਲੀ ਰਵੱਈਆ ਇਤਿਹਾਸਕ ਘਟਨਾਵਾਂ ਦਾ ਬਹੁਤ ਨਿਰਪੱਖ ਅਤੇ ਸਹਿਜ ਵਿਸ਼ਲੇਸ਼ਣ ਵੀ ਪੇਸ਼ ਕਰਦਾ ਹੈ। ਨਾਵਲਕਾਰ ਇਤਿਹਾਸਕ ਦੌਰ ਵਿਚੋਂ ਇਕ ਸੰਜੀਦਾ ਯਾਤਰੂ ਵਾਂਗ ਗੁਜ਼ਰਦਿਆਂ ਆਪਣੇ ਸਮੇਂ-ਸਥਾਨ ਦੇ ਹਾਲਾਤ ਉੱਪਰ ਬਹੁਤ ਸਿਆਣਪ (Wisdom) ਭਰੀਆਂ ਟਿੱਪਣੀਆਂ ਵੀ ਕਰਦਾ ਹੈ ਜੋ ਕਿ ਤੱਤਕਾਲੀ ਇਤਿਹਾਸ ਨੂੰ ਨਿਰਪੱਖਤਾ ਨਾਲ ਵੇਖਣ ਵਿਚ ਮਦਦ ਵੀ ਕਰਦੀਆਂ ਹਨ।

ਸਾਮਰਾਜਵਾਦੀ ਤਾਕਤਾਂ ਜਦ ਆਪਣੀ ਸੱਤਾ ਦੇ ਫੈਲਾਅ ਲਈ ਕਿਸੇ ਵੀ ਢੰਗ ਤਰੀਕੇ ਦੀ ਵਰਤੋਂ ਕਰ ਸਕਦੀਆਂ ਹਨ ਤਾਂ ਆਪਣੀ ਆਜ਼ਾਦੀ ਦੀ ਰਾਖੀ ਲਈ ਦੂਸਰੀ ਧਿਰ ਨੂੰ ਵੀ ਪ੍ਰਤੀ-ਉੱਤਰ ਦੇਣ ਦਾ ਪੂਰਾ ਅਧਿਕਾਰ ਹੁੰਦਾ ਹੈ। ਇਸ ਲਈ ਅਜਿਹੀ ਸਥਿਤੀ ਵਿਚ ਕੋਈ ਵੀ ਗ਼ਲਤ ਜਾਂ ਠੀਕ ਨਹੀਂ ਹੁੰਦਾ। ਅਫ਼ਗਾਨਾਂ ਵਲੋਂ ਆਪਣੇ ਹਿੱਤਾਂ ਦੀ ਰਾਖੀ ਲਈ, ਲੋੜ ਪੈਣ ‘ਤੇ ਜੋ ਕੀਤਾ ਗਿਆ ਉਹ ਅੰਗਰੇਜ਼ਾਂ ਲਈ ਤਾਂ ਦਗ਼ਾਬਾਜ਼ੀ ਹੋ ਸਕਦੀ ਹੈ ਪਰ ਅਫ਼ਗਾਨਾਂ ਲਈ ਨਹੀਂ। ਇਹੀ ਇਤਿਹਾਸ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਸੂਤਰ ਵੀ ਹੈ। ਇਕੋ ਵੇਲੇ ਕਿਸੇ ਸਮੇਂ ਸਥਾਨ ਵਿਚ ਹਰ ਧਿਰ ਦਾ ਆਪਣਾ ਇਕ ਇਤਿਹਾਸ ਸਿਰਜਿਆ ਜਾ ਰਿਹਾ ਹੁੰਦਾ ਹੈ ਤੇ ਉਸ ਧਿਰ ਲਈ ਉਹੀ ਸੱਚ ਵੀ ਹੁੰਦਾ ਹੇ। ਜਿਵੇਂ ਕਿ ਨਾਵਲ ਵਿਚ ਨਿਮਨ-ਅੰਕਿਤ ਘਟਨਾ ਦਾ ਬਿਆਨ ਕੀਤਾ ਗਿਆ ਹੈ:

> “ਇਹ ਕੀ? ਇਹ ਸਰਦਾਰ ਦਗ਼ਾਬਾਜ਼ ਹੈ” ਮੈਕਨਿਟਨ ਬੁੜਬੁੜਾਇਆ।“ਉਸ ਦਾ ਮੂੰਹ ਪੀਲਾ ਭੂਕ ਹੋ ਗਿਆ ਸੀ।”
>
> “ਅਸੀਂ ਤਾਂ ਸਿਰਫ਼ ਘੋੜੀ ਖੋਹੀ ਹੈ। ਤੁਸੀਂ ਤਾਂ ਸਾਡਾ ਮੁਲਕ ਖੋਹਣ ਲਈ ਆਏ ਹੋ। ਤੁਹਾਨੂੰ ਅਸੀਂ ਦੱਸਾਂਗੇ ਕਿ ਆਪਣੇ ਮੁਲਕ ਤੇ ਕਬਜ਼ਾ ਕਰਨ ਵਾਲਿਆਂ ਦਾ ਅਸੀਂ ਕੀ ਹਸ਼ਰ ਕਰਦੇ ਹਾਂ।

ਚਾਹੇ ਉਹ ਅੰਗਰੇਜ਼ ਹੋਵੇ ਚਾਵੇ ਸਿੱਖ ਅਤੇ ਚਾਹੇ ਰੂਸੀ।ਅਸੀਂ ਕੋਈ ਬੇਹਯਾ ਹਿੰਦੁਸਤਾਨੀ ਨਹੀਂ; ਅਤੇ ਦਗ਼ਾ?"[1]

ਇਸ ਤਰ੍ਹਾਂ ਦੇ ਪ੍ਰਸੰਗ ਨਾਲ ਹਿੰਦੁਸਤਾਨ ਦੀ ਰਾਜਨੀਤੀ ਅਤੇ ਇਥੋਂ ਦੇ ਲੋਕਾਂ ਦੇ ਸੁਭਾ ਉੱਪਰ ਟਿੱਪਣੀਆਂ ਨਾਵਲ ਨੂੰ ਅਜੋਕੀ ਸਥਿਤੀ ਵਿਚ ਪ੍ਰਸੰਗਿਕ ਬਣਾਉਂਦੀਆਂ ਹਨ। ਨਾਵਲਕਾਰ ਇਹ ਸਵਾਲ ਵੀ ਖੜਾ ਕਰਦਾ ਹੈ ਕਿ ਹਿੰਦੁਸਤਾਨ ਵਿਚ ਲੋਕ ਬਾਹਰਲੇ ਹਮਲਾਵਰਾਂ ਅਤੇ ਸਭਿਆਚਾਰਾਂ ਦਾ ਸਾਹਮਣਾ ਕਿਸ ਤਰ੍ਹਾਂ ਕਰਦੇ ਹਨ ਅਤੇ ਉਸਦੇ ਲੰਮੇ ਸਮੇਂ ਵਿਚ ਕੀ ਨਤੀਜੇ ਨਿਕਲਦੇ ਹਨ। ਹਿੰਦੁਸਤਾਨ ਨੇ ਪੱਛਮ ਤੋਂ ਆਉਣ ਵਾਲੇ ਹਰ ਪ੍ਰਭਾਵ ਨੂੰ ਆਪਣੇ ਅੰਦਰ ਵਸਾ ਲਿਆ ਹੈ ਅਤੇ ਇਸ ਖਿੱਤੇ ਦਾ ਇਹ ਸੁਭਾ ਹੀ ਬਣ ਗਿਆ ਹੈ। ਗੱਲ ਇਥੇ ਇਨ੍ਹਾਂ ਪ੍ਰਭਾਵਾਂ ਨੂੰ ਕਬੂਲ ਕਰਕੇ ਹੋਣ ਵਾਲੇ ਫਾਇਦੇ ਨੁਕਸਾਨ ਦੀ ਨਹੀਂ ਸਗੋਂ ਇਹ ਸਿਰਫ ਇਥੋਂ ਦੇ ਲੋਕ-ਸੁਭਾ ਦਾ ਇਕ ਵਿਸ਼ਲੇਸ਼ਣ ਵੀ ਕਿਹਾ ਜਾ ਸਕਦਾ ਹੈ। ਅਫਗਾਨਾਂ ਦੇ ਸੁਭਾਵਕ ਗੁਣਾਂ ਦਾ ਲੇਖਾ ਜੋਖਾ ਕਰਦਿਆਂ ਬਿਰਤਾਂਤਕਾਰ ਬਹੁਤ ਚੇਤੰਨ ਤੌਰ 'ਤੇ ਉਸ ਵੇਲੇ ਦੇ ਸਮਾਨੰਤਰ ਪੰਜਾਬ ਦੇ ਰਾਜਨੀਤਕ ਹਾਲਾਤ ਉੱਪਰ ਵੀ ਆਪਣੇ ਵਿਚਾਰ ਰੱਖਦਾ ਹੈ, ਜਿਵੇਂ ਕਿ ਉਹ ਲਿਖਦਾ ਹੈ:

"ਮੈਨੂੰ ਅਫਸੋਸ ਇਸ ਗੱਲ ਦਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਨੂੰ ਅੰਗਰੇਜ਼ਾਂ ਤੋਂ ਬਚਾਉਣ ਲਈ ਆਪਣੇ ਜਿਉਂਦਿਆਂ ਜੀ ਕੁਝ ਨਹੀਂ ਕੀਤਾ; ਬਲਕਿ ਸਾਰਾ ਰਾਜ ਪ੍ਰਬੰਧ ਡੋਗਰਿਆਂ ਅਤੇ ਭੱਈਆਂ ਦੇ ਹੱਥ ਸੌਂਪ ਕੇ ਇਸ ਰਾਜ ਨੂੰ ਕਮਜ਼ੋਰ ਹੀ ਕੀਤਾ ਹੈ।"[2]

ਇਤਿਹਾਸ ਵਿਚ ਦਰਜ ਨਾ ਹੋ ਸਕਣ ਵਾਲੇ ਇਹ, ਕੁਝ ਅਜਿਹੇ ਪ੍ਰਭਾਵ ਹਨ ਜੋ ਕਿਸੇ ਪ੍ਰਤੱਖ ਰੂਪ ਵਿਚ ਸਾਹਮਣੇ ਨਹੀਂ ਆਏ। ਪਰ ਜਦੋਂ ਇਨ੍ਹਾਂ ਸੁਭਾਵਕ-ਗੁਣਾਂ ਦਾ ਵਿਸ਼ਲੇਸ਼ਣ ਕਰਦੇ ਹਾ ਤਾਂ ਸਪਸ਼ਟ ਹੁੰਦਾ ਹੈ ਕਿ ਇਹ ਉਹ ਬੁਨਿਆਦੀ ਪ੍ਰਵਿਰਤੀਆਂ ਹਨ ਜੋ ਕਿਸੇ ਦੇਸ਼ ਜਾਂ ਕੌਮ ਦੇ ਕਿਰਦਾਰ ਨੂੰ ਪੇਸ਼ ਕਰਦੀਆਂ ਹਨ।

ਇਸੇ ਤਰ੍ਹਾਂ ਉਸਦੇ ਦੂਜੇ ਨਾਵਲ 'ਯੁੱਧਨਾਦ' ਅਤੇ 'ਯੁੱਗਅੰਤ' ਵੀ ਵੇਖੇ ਜਾ ਸਕਦੇ ਹਨ।

ਮਨਮੋਹਨ ਬਾਵਾ ਦੀ ਬਿਰਤਾਂਤ ਕਲਾ ਵਧੇਰੇ ਕਰਕੇ ਇਤਿਹਾਸਕਾਰੀ ਪ੍ਰਵਿਰਤੀ ਦੀ ਹੁੰਦੀ ਹੈ। 'ਯੁੱਧ ਨਾਦ' ਨਾਵਲ ਦੀ ਸਿਰਜਣਾ ਵੇਲੇ ਉਸਨੇ ਪੰਜਾਬ ਦੇ ਪੁਰਾਤਨ ਇਤਿਹਾਸ ਨੂੰ ਨਵੇਂ ਅੰਦਾਜ਼ ਨਾਲ ਵਾਚਣ ਦਾ ਜਤਨ ਕੀਤਾ

[1] ਮਨਮੋਹਨ ਬਾਵਾ, ਅਫ਼ਗਾਨਿਸਤਾਨ ਦੀ ਉਰਸੁਲਾ, ਪੰਨਾ-39-40

[2] ਮਨਮੋਹਨ ਬਾਵਾ, ਅਫ਼ਗਾਨਿਸਤਾਨ ਦੀ ਉਰਸੁਲਾ, ਪੰਨਾ-61

ਸੀ ਤੇ ਇਸੇ ਪ੍ਰਕਾਰ ਦੀ ਰੁਚੀ ਨਾਲ ਉਸਨੇ 'ਯੁੱਗ-ਅੰਤ' ਨਾਵਲ ਦੀ ਸਿਰਜਣਾ ਕੀਤੀ ਹੈ। ਆਪਣੀਆਂ ਪਹਿਲੀਆਂ ਲਿਖਤਾਂ ਨਾਲ ਉਸਨੇ ਪੰਜਾਬ ਦੇ ਅਣ-ਲਿਖੇ ਇਤਿਹਾਸ-ਮਿਥਿਹਾਸ ਦੀਆਂ ਜਿਨ੍ਹਾਂ ਪਰਤਾਂ ਨੂੰ ਫਰੋਲਿਆ ਸੀ ਉਸੇ ਅਮਲ ਨੇ ਅਗਲੇਰੇ ਸਿਰਜਣਾ ਕਾਰਜ ਦੀ ਨੀਂਹ ਰੱਖ ਦਿੱਤੀ ਸੀ। ਮਨਮੋਹਨ ਬਾਵਾ ਦਾ ਸਿਰਜਿਆ ਬਿਰਤਾਂਤ ਇਤਿਹਾਸਕਾਰੀ ਵਰਗੀਆਂ ਸੰਜੀਦਾ ਰਚਨਾ ਪ੍ਰਕਿਰਿਆਵਾਂ ਵਿਚੋਂ ਗੁਜ਼ਰਦਾ ਹੈ ਅਤੇ ਇਸੇ ਲਈ ਉਹ ਵਧੇਰੇ ਵਸਤੂਪਰਕ ਇਤਿਹਾਸ ਹੋਣ ਦੀਆਂ ਸੰਭਾਵਨਾਂ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦਾ ਹੈ। ਇਹੋ ਮਨਮੋਹਨ ਬਾਵਾ ਦੀ ਬਿਰਤਾਂਤਕਾਰੀ ਦੀ ਖ਼ਾਸੀਅਤ ਬਣਦੀ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਉਸਦੀ ਨਿਵੇਕਲੀ ਪਛਾਣ ਇਤਿਹਾਸਕਾਰੀ ਦੀ ਸਮਰੱਥਾ ਰਖਣ ਵਾਲੇ ਇਕ ਸੰਜੀਦਾ ਬਿਰਤਾਂਤਕਾਰ ਵਾਂਗ ਸਥਾਪਤ ਹੁੰਦੀ ਹੈ।

ਨਾਵਲ 'ਯੁੱਗ-ਅੰਤ' ਮਨਮੋਹਨ ਬਾਵਾ ਦੀ ਸੂਝਵਾਨ ਚਿੰਤਨ-ਬਿਰਤੀ ਦੀ ਇਕ ਹੋਰ ਮਿਸਾਲ ਹੈ ਜਿਸ ਵਿਚ ਉਸਦਾ ਸਮਾਂ-ਸਥਾਨ ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਦੇ ਹਾਲਾਤ ਨਾਲ ਸੰਬੰਧਤ ਹੈ ਪਰ ਉਸਦਾ ਸਰੋਕਾਰ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਦੇ ਕਾਲ ਨਾਲ ਵੀ ਜੁੜਦਾ ਹੈ। ਪੰਜਾਬ ਦੇ 'ਖਾਲਸਾ ਰਾਜ' ਨਾਲ ਸੰਬੰਧਤ ਇਤਿਹਾਸ ਬਾਰੇ ਉਸਨੇ ਆਪਣੀਆਂ ਕੁਝ ਨਿਵੇਕਲੀਆਂ ਅਤੇ ਵੱਖਰੀਆਂ ਧਾਰਣਾਵਾਂ ਵੀ ਬਣਾਈਆਂ। ਇਹ ਗੱਲ ਬਹੁਤ ਸਪਸ਼ਟ ਹੈ ਕਿ ਉਸਨੇ ਇਸ ਨਾਵਲ ਦੀ ਸਿਰਜਣਾ ਇਕ ਖਾਸ ਉਦੇਸ਼ ਨਾਲ ਕੀਤੀ ਹੈ ਅਤੇ ਇਹ ਬਿਰਤਾਂਤ ਉਸਦੇ ਇਕ ਇਤਿਹਾਸਕਾਰੀ ਪ੍ਰੋਜੈਕਟ ਦਾ ਰੂਪ ਧਾਰਣ ਕਰ ਲੈਂਦਾ ਹੈ।

ਇਥੇ ਉਹ ਜਿਸ 'ਯੁੱਗ-ਅੰਤ' ਦੀ ਗੱਲ ਕਰਦਾ ਹੈ ਉਹ ਹੈ ਮਹਾਰਾਜਾ ਰਣਜੀਤ ਸਿੰਘ ਦਾ 'ਖਾਲਸਾ-ਰਾਜ-ਕਾਲ'। ਅਸਲ ਵਿਚ ਇਹ ਨਾਵਲ ਇਸ ਧਾਰਣਾ ਉੱਪਰ ਵੀ ਸਵਾਲ ਖੜਾ ਕਰ ਦਿੰਦਾ ਹੈ ਕਿ ਕੀ ਇਹ ਰਾਜ ਸੱਚਮੁੱਚ ਖਾਲਸਾ ਰਾਜ ਸੀ? ਇਸ ਤੱਥ ਦੀ ਪੁਣਛਾਣ ਕਰਦਿਆਂ ਲੇਖਕ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਵਲੋਂ ਪੰਜਾਬ ਵਿਚ ਭੇਜੇ ਗਏ ਬੰਦਾ ਬਹਾਦਰ ਦੀ ਲਾਸਾਨੀ ਜੱਦੋ-ਜਹਿਦ ਵੱਲ ਇਸ਼ਾਰਾ ਕਰਦਾ ਹੈ। ਇਸ ਜੱਦੋ ਜਹਿਦ ਤੋਂ ਬਾਅਦ ਮਨਮੋਹਨ ਬਾਵਾ ਦੇ ਸ਼ਬਦਾਂ ਮੁਤਾਬਿਕ- *'1716 ਈਸਵੀ ਵਿਚ ਬੰਦਾ ਬਹਾਦਰ ਦੀ ਮੌਤ ਤੋਂ ਬਾਅਦ 1801 ਈਸਵੀ ਤੱਕ, 85 ਸਾਲ ਤਕ ਸਾਰੇ ਪੰਜਾਬ ਦੇ ਮਿਸਲਾਂ ਦੇ ਸਰਦਾਰ, ਮੁਗ਼ਲਾਂ ਅਤੇ ਅਫ਼ਗਾਨਾ ਨਾਲ ਲੜਦਿਆਂ ਆਪਣੇ ਪੈਰ ਮਜਬੂਤ ਅਤੇ ਰਾਜ ਕਾਇਮ ਕਰਦੇ ਰਹੇ-ਚਾਹੇ ਉਹ ਆਪਸ ਵਿਚ ਵੀ ਲੜਦੇ ਰਹਿੰਦੇ ਸਨ।'* ਅਜਿਹੀ ਸਥਿਤੀ ਵਿਚੋਂ ਹੀ ਰਣਜੀਤ ਸਿੰਘ ਨੇ ਆਪਣੀ ਸੂਝਬੂਝ ਅਤੇ ਬਹਾਦਰੀ ਨਾਲ ਲਹੌਰ ਉੱਤੇ ਕਬਜ਼ਾ ਕਰ ਲਿਆ ਅਤੇ ਅੱਠ ਸੌ ਵਰ੍ਹਿਆਂ ਬਾਅਦ ਪੰਜਾਬ ਉੱਪਰ ਪੰਜਾਬੀਆਂ ਦਾ ਰਾਜ ਕਾਇਮ ਕਰਨ ਵਿਚ ਕਾਮਯਾਬ ਹੋ ਗਿਆ। ਪਰ ਲੇਖਕ ਇਸ ਰਾਜ ਦੇ ਇਤਿਹਾਸ ਦੇ ਉਸ ਹਨੇਰੇ ਪੱਖ ਤੋਂ ਚਿੰਤਤ ਹੈ ਜਿਸ ਕਾਰਣ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ

ਨੌਂ ਦੱਸ ਵਰ੍ਹਿਆਂ ਵਿਚ ਹੀ ਇਸ 'ਸਿੱਖ ਰਾਜ' ਦਾ ਅੰਤ ਹੋ ਗਿਆ। ਇਸ ਦਾ ਕਾਰਣ ਉਹ ਇਸ ਰਾਜ ਦੀਆਂ ਕੱਚੀਆਂ ਨੀਹਾਂ ਨੂੰ ਮੰਨਦਾ ਹੈ। ਇਹ ਇਕ ਅਜਿਹੇ ਯੁੱਗ ਦੇ ਅੰਤ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਵਰਗੇ ਮਹਾਂ-ਨਾਇਕ ਦੀਆਂ ਲਾਸਾਨੀ ਘਾਲਣਾਵਾਂ ਪੂਰਣ ਰੂਪ ਵਿਚ ਪ੍ਰਵਾਨ ਚੜ੍ਹ ਸਕਦੀਆਂ ਸਨ। ਬੰਦਾ ਬਹਾਦਰ ਦੀ ਜੱਦੋ ਜਹਿਦ ਦਾ ਵਧੇਰੇ ਮੁੱਲ ਪੈ ਸਕਦਾ ਸੀ। ਜੇਕਰ ਇਹ ਰਾਜ 'ਸਿੱਖ' ਮੁੱਲਾਂ ਅਤੇ ਕਦਰਾਂ ਕੀਮਤਾਂ ਉੱਪਰ ਉੱਸਰਦਾ ਤਾਂ ਸ਼ਾਇਦ ਇਹ ਅੰਤ ਸਿਰਫ ਇਕ ਰਾਜ ਦਾ ਅੰਤ ਹੋਣਾ ਸੀ 'ਯੁੱਗ' ਦਾ ਅੰਤ ਨਹੀਂ।

ਇਤਿਹਾਸਕ ਪ੍ਰਸੰਗਾਂ ਨੂੰ ਲੈਕੇ ਪੰਜਾਬੀ ਵਿਚ ਕਈ ਅਹਿਮ ਨਾਵਲ ਲਿਖੇ ਗਏ ਹਨ ਪਰ ਮਨਮੋਹਨ ਬਾਵਾ ਇਤਿਹਾਸ ਨੂੰ ਫਰੋਲਣ ਅਤੇ ਉਸਦੀ ਸਮਕਾਲੀਨ ਪ੍ਰਾਸੰਗਿਕਤਾ ਨੂੰ ਉਭਾਰਨ ਦਾ ਜਤਨ ਕਰਦਾ ਹੈ। ਅਸਲ ਵਿਚ ਕੋਈ ਵੀ ਇਤਿਹਾਸ ਪੂਰੀ ਤਰ੍ਹਾਂ ਨਿਰਪੱਖ ਜਾਂ ਵਸਤੂਪਰਕ ਨਹੀਂ ਹੁੰਦਾ। ਘਟਨਾਵਾਂ ਅਤੇ ਸਥਿਤੀਆਂ ਨੂੰ ਪੇਸ਼ ਕਰਦਿਆਂ ਇਤਿਹਾਸਕਾਰ ਦੀ ਆਪਣੀ ਵਿਚਾਰ ਦ੍ਰਿਸ਼ਟੀ ਅਤੇ ਪ੍ਰਗਟਾਉ ਵਿਧੀ ਉਸਦੇ ਅਰਥਾਂ ਦਾ ਹਿੱਸਾ ਬਣ ਜਾਂਦੀ ਹੈ। ਬਹੁਤ ਸਾਰਾ ਇਤਿਹਾਸ ਦਮਿਤ ਰਹਿ ਜਾਂਦਾ ਹੈ ਕਿਉਂਕਿ ਵੇਲੇ ਦਾ ਭਾਰੂ ਰਾਜਨੀਤਕ-ਸਮਾਜਿਕ ਪ੍ਰਵਚਨ ਉਨ੍ਹਾਂ ਆਵਾਜ਼ਾਂ ਨੂੰ ਉੱਠਣ ਨਹੀਂ ਦਿੰਦਾ। ਮਨਮੋਹਨ ਬਾਵਾ ਦਾ ਬਿਰਤਾਂਤ ਇਸੇ ਤਰ੍ਹਾਂ ਦੇ ਦਮਿਤ ਇਤਿਹਾਸ ਨੂੰ ਜ਼ੁਬਾਨ ਦੇਣ ਦਾ ਜਤਨ ਕਰਦਾ ਹੈ ਅਤੇ ਉਸ ਵਿਚ ਸਾਡੇ ਸਮਕਾਲ ਅਤੇ ਭਵਿੱਖ ਲਈ ਪਈਆਂ ਸੰਭਾਵਨਾਵਾਂ ਦੀ ਤਲਾਸ਼ ਕਰਦਾ ਹੈ।

'ਢਾਹਵਾਂ ਦਿੱਲੀ ਦੇ ਕਿੰਗਰੇ' ਨਾਵਲ ਵਿਚ ਬਲਦੇਵ ਸਿੰਘ ਨੇ ਪੰਜਾਬ ਦੇ ਇੱਕ ਲੋਕ-ਨਾਇਕ ਦੁੱਲਾ-ਭੱਟੀ ਦੇ ਜੀਵਨ ਕਾਲ ਦੇ ਇਤਿਹਾਸ ਨੂੰ ਬਿਰਤਾਂਤਕ ਗਲਪ ਰਾਹੀਂ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਹੈ। 'ਦੁੱਲੇ' ਦਾ ਜੀਵਨ ਕਾਲ ਮੁਗ਼ਲ ਬਾਦਸ਼ਾਹ ਅਕਬਰ ਦੀ ਹਕੂਮਤ ਦਾ ਸਮਾਂ ਸੀ ਪਰ ਪ੍ਰਾਪਤ ਇਤਿਹਾਸਕ ਹਵਾਲਿਆਂ ਤੋਂ 'ਦੁੱਲੇ' ਨਾਲ ਸੰਬੰਧਤ ਘਟਨਾਵਾਂ ਦਾ ਕੋਈ ਵਿਸਤ੍ਰਿਤ ਵੇਰਵਾ ਨਹੀਂ ਮਿਲਦਾ। 'ਦੁੱਲੇ' ਦੀ ਲੋਕ-ਪੱਧਰ 'ਤੇ ਪ੍ਰਵਾਨਗੀ ਦੇ ਕਾਰਣ ਉਸਦਾ ਵਿਅਕਤੀਤੱਵ ਲੋਕ-ਨਾਇਕ ਦਾ ਦਰਜਾ ਹਾਸਲ ਕਰਦਾ ਜਾਂਦਾ ਹੈ ਤੇ ਉਸਦੀਆਂ ਕਹਾਣੀਆਂ ਆਮ ਲੋਕਾਂ ਵਿਚ ਜ਼ਬਾਨੀ ਸਫ਼ਰ ਕਰਦੀਆਂ ਹੋਈਆਂ ਬਹੁਤ ਸਾਰੀਆਂ ਸਹਿਜ ਵਡਿਆਈਆਂ ਨਾਲ ਅੱਜ ਵੀ ਪੰਜਾਬੀਆਂ ਦੇ ਮਨਾਂ ਵਿਚ ਮੌਜੂਦ ਹਨ। 'ਦੁੱਲੇ' ਦਾ ਕਿਰਦਾਰ ਪੰਜਾਬੀ ਕਿਰਦਾਰ ਦੀ ਨੁਮਾਂਇਦਗੀ ਕਰਦਾ ਹੈ ਅਤੇ ਲੋਕ ਉਸਦੇ ਕਿਰਦਾਰ ਰਾਹੀਂ ਪੰਜਾਬੀ ਵਿਅਕਤੀਤੱਵ ਨੂੰ ਉਲੀਕਦੇ ਹੋਏ, ਮਾਣ ਮਹਿਸੂਸ ਕਰਦੇ ਹਨ। ਅਜਿਹੇ ਲੋਕ-ਨਾਇਕ ਦੇ ਕਿਰਦਾਰ ਨੂੰ ਇਤਿਹਾਸਕ ਤੱਥਾਂ ਦੀ ਥੁੜ੍ਹ ਹੋਣ ਕਾਰਣ ਇਤਿਹਾਸਕ-ਬਿਰਤਾਂਤ ਰੂਪ ਵਿਚ ਪੇਸ਼ ਕਰਨਾ ਬਹੁਤ ਔਖਾ ਕਾਰਜ ਹੈ। ਅਜਿਹੇ ਇਤਿਹਾਸਕ ਬਿਰਤਾਂਤ ਦੀ ਸਿਰਜਣਾ ਕਰਦਿਆਂ ਇਤਿਹਾਸਕ ਤੱਥਾਂ ਦੀ ਤਸਦੀਕ ਦੇ ਨਾਲ-

ਨਾਲ ਲੋਕ-ਨਾਇਕ ਨਾਲ ਜੁੜੀਆਂ ਭਾਵਨਾਵਾਂ ਦਾ ਖਿਆਲ ਵੀ ਰੱਖਣਾ ਪੈਂਦਾ ਹੈ। ਬਲਦੇਵ ਸਿੰਘ ਨੇ ਇਹ ਨਾਵਲ ਲਿਖਦਿਆਂ ਇਤਿਹਾਸਕ ਪੱਖਾਂ ਅਤੇ ਲੋਕ-ਸਾਹਿਤ ਸਮੱਗਰੀ ਨੂੰ ਪ੍ਰਮਾਣਿਕਤਾ ਨਾਲ ਵਰਤਣ ਦਾ ਜਤਨ ਕੀਤਾ ਹੈ।

ਆਪਣੇ ਵਿਰਸੇ ਦੇ ਟੈਕਸਟ ਦਾ ਪੁਨਰ-ਅਧਿਅਨ ਤਦ ਤਕ ਆਪਣੇ ਆਪ ਵਿਚ ਨਾਕਾਫ਼ੀ ਹੁੰਦਾ ਹੈ ਜਦ ਤਕ ਕਿ ਉਸ ਪੜ੍ਹਤ ਦੀ ਰੌਸ਼ਨੀ ਵਿਚ ਕੋਈ ਨਵੇਂ ਪਰਿਪੇਖ ਦੀ ਸਿਰਜਣਾ ਨਹੀਂ ਹੁੰਦੀ। ਇਹ ਕਥਨ ਇੱਕ ਬਹੁਤ ਅਹਿਮ ਸਮੱਸਿਆਕਾਰ  ਵੱਲ ਇਸ਼ਾਰਾ ਕਰਦਾ ਹੈ। ਇਤਿਹਾਸ, ਕਿਸੇ ਵੀ ਦੌਰ ਵਿਚ ਪਰਿਵਰਤਨ ਦੀਆਂ ਨਵੀਆਂ ਸਥਿਤੀਆਂ ਅਤੇ ਜ਼ਰੂਰਤਾਂ ਨੂੰ ਅੰਜਾਮ ਦਿੰਦਾ ਹੈ ਤੇ ਇਸੇ ਦੇ ਫਲਸਰੂਪ ਬੀਤੇ ਦੌਰ ਦੀ ਪੜਤਾਲ ਕਰਨ ਨਾਲ ਸਮਕਾਲ ਅਤੇ ਭਵਿੱਖ ਵਿਚਕਾਰ ਇੱਕ ਕੜੀ ਕਾਇਮ ਰਹਿੰਦੀ ਹੈ। ਕੋਈ ਵੀ ਸਮਾਜ-ਸਭਿਆਚਾਰ ਆਪਣੇ ਪਛਾਣ ਦੇ ਚਿਹਨਾਂ ਨੂੰ ਉਲੀਕਣ ਲਈ ਆਪਣੇ ਵਿਰਸੇ ਦੀ ਹੀ ਘੋਖ ਕਰਦਾ ਹੈ ਜਿਹੜਾ ਕਿ ਉਸ ਭੂਗੋਲਿਕ ਖਿੱਤੇ ਦੀਆਂ ਸਦੀਆਂ ਪੁਰਾਣੀ ਗਤੀਵਿਧੀਆਂ ਵਿਚੋਂ ਨਿਰਮਤ ਹੋਇਆ ਹੁੰਦਾ ਹੈ। ਇਤਿਹਾਸ ਸਿਰਫ਼ ਘਟਨਾਵਾਂ ਮਾਤਰ ਹੀ ਨਹੀਂ ਹੁੰਦਾ ਸਗੋਂ ਉਸਦਾ ਬਿਰਤਾਂਤ ਵੀ ਮਹੱਤਵਪੂਰਣ ਹੁੰਦਾ ਹੈ। ਇਤਿਹਾਸ ਨੂੰ ਇੱਕ ਟੈਕਸਟ ਵਾਂਗ ਵੇਖਣ ਅਤੇ ਇਸਦੀ ਸਿਰਜਣਾ ਵਿਚ ਮੌਜੂਦ ਬਿਰਤਾਂਤਕਾਰੀ ਦੇ ਗੁਣਾਂ ਦੀ ਸੋਝੀ ਹੋਣ ਉਪਰੰਤ, ਇਹ ਇੱਕ ਨਵੀਂ ਕਿਸਮ ਦੀ ਪੜ੍ਹਤ ਅਤੇ ਲਿਖਤ ਦਾ ਸਾਧਨ ਬਣ ਗਿਆ ਹੈ। ਇਤਿਹਾਸ-ਚੇਤਨਾ ਨੂੰ ਭਾਰਤੀ ਸੰਦਰਭ ਵਿਚ ਗ੍ਰਹਿਣ ਕਰਨਾ ਅਤੇ ਇਸਨੂੰ ਸਮਕਾਲ ਵਿਚ ਇਤਿਹਾਸਕਾਰੀ ਲਈ ਲਾਹੇਵੰਦ ਬਨਾਉਣਾ ਨਵੀਆਂ ਇਤਿਹਾਸਕ-ਬਿਰਤਾਂਤ ਲਿਖਤਾਂ ਦਾ ਇੱਕ ਸੰਜੀਦਾ ਜਤਨ ਹੈ। ਇਸੇ ਦਿਸ਼ਾ ਵਿਚ ਬਲਦੇਵ ਸਿੰਘ ਦਾ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਇੱਕ ਦਿਲਚਸਪ ਪੜ੍ਹਤ ਸਾਬਤ ਹੁੰਦਾ ਹੈ।

ਬਲਦੇਵ ਸਿੰਘ ਨੇ ਆਪਣੇ ਇਸ ਨਾਵਲ ਵਿਚ ਪੰਜਾਬ ਦੇ ਇੱਕ ਲੋਕ-ਨਾਇਕ 'ਦੁੱਲਾ-ਭੱਟੀ' ਦੇ ਜੀਵਨ ਨਾਲ ਸੰਬੰਧਤ ਇਤਿਹਾਸ ਨੂੰ ਇੱਕ ਖੋਜਾਰਥੀ ਵਾਂਗ ਬਿਰਤਾਂਤਕ-ਗਲਪ ਵਿਚ ਸਿਰਜਣ ਦਾ ਜਤਨ ਕੀਤਾ ਹੈ। 'ਦੁੱਲੇ' ਨਾਲ ਸੰਬੰਧਤ ਪ੍ਰਾਪਤ ਲੋਕ-ਸਮੱਗਰੀ ਅਤੇ ਤਤਕਾਲੀਨ ਇਤਿਹਾਸਕ ਵੇਰਵਿਆਂ ਨੂੰ ਉਸਨੇ ਨਾਵਲ ਦੀ ਕਥਾ-ਵਸਤੂ ਵਿਚ ਬਾਖੂਬੀ ਸ਼ਾਮਲ ਕੀਤਾ ਹੈ। ਪੂਰੇ ਘਟਨਾ-ਕ੍ਰਮ ਨੂੰ ਉਸਦੀ ਵਾਪਰਨ ਵਾਲੀ ਇਤਿਹਾਸਕ ਥਾਂ ਅਤੇ ਉਸ ਵੇਲੇ ਦੇ ਸਮਾਜ ਦੀ ਸੰਭਾਵਿਤ ਸਥਿਤੀਆਂ ਨੂੰ ਧਿਆਨ ਵਿਚ ਰੱਖਕੇ, ਬਲਦੇਵ ਸਿੰਘ 'ਦੁੱਲੇ' ਨੂੰ ਆਪਣੇ ਭਾਈਚਾਰੇ ਦੇ ਅਣਖੀ ਅਤੇ ਬਹਾਦੁਰ ਲੋਕਾਂ ਵਿਚੋਂ ਦੀ ਉਭਾਰਦਾ ਹੋਇਆ, ਪੂਰੇ ਸਮਾਜ ਦੇ ਬੇਜ਼ੁਬਾਨ ਲੋਕਾਂ ਦੇ ਹਿੱਤਾ ਲਈ ਸੰਘਰਸ਼ ਕਰਨ ਵਾਲਾ ਕਿਰਦਾਰ ਬਣਾਉਂਦਾ ਹੈ। ਪੰਜਾਬੀ ਲੋਕ-ਨਾਇਕ ਦੀ ਸੰਕਲਪਨਾਂ ਹੋਰਨਾਂ ਖਿੱਤਿਆਂ ਦੇ ਨਾਇਕਾਂ ਤੋਂ ਵੱਖਰਾਪਣ

ਰੱਖਦੀ ਹੈ, ਕਿਉਂਕਿ ਨਾਇਕਤਾ ਦੇ ਗੁਣ ਕਈ ਵੰਨ-ਸੁਵੰਨੇ ਤੱਤਾਂ ਉਪਰ ਨਿਰਮਤ ਹੁੰਦੇ ਹਨ ਜੋ ਉਸ ਵਿਸ਼ੇਸ਼ ਭੂਗੋਲਿਕ ਚੌਗਿਰਦੇ ਦੇ ਇਤਿਹਾਸਕ ਅਨੁਭਵਾਂ ਦਾ ਸਾਰ ਹੁੰਦੇ ਹਨ।

ਬਲਦੇਵ ਸਿੰਘ ਨੇ ਸਮਕਾਲ ਵਿਚ ਗਿਆਨ-ਚਿੰਤਨ ਦੇ ਖੇਤਰ ਵਿਚ ਆਈਆਂ ਨਵੀਆਂ ਵਿਚਾਰ-ਦ੍ਰਿਸ਼ਟੀਆਂ ਅਤੇ ਪੰਜਾਬ/ਪੰਜਾਬੀਆਂ ਦੀ ਇਤਿਹਾਸਕ ਪਛਾਣ ਸਾਹਮਣੇ ਪੈਦਾ ਹੋਈਆਂ ਕਈ ਨਵੀਆਂ ਸਥਿਤੀਆਂ ਦੇ ਮੱਦੇ-ਨਜ਼ਰ ਇਸ ਨਾਵਲ ਦੀ ਵਿਓਂਤ ਬਣਾਈ ਹੈ। ਉਤਰ-ਬਸਤੀਵਾਦੀ ਦੌਰ ਵਿਚ ਪੰਜਾਬੀ-ਪਛਾਣ ਬਾਰੇ ਪੈਦਾ ਹੋਏ ਕਈ ਸਵਾਲਾਂ ਨੂੰ ਇਹ ਨਾਵਲ ਸੰਬੋਧਿਤ ਹੁੰਦਾ ਹੈ। ਇਸ ਨਾਲ ਇਤਿਹਾਸ ਨੂੰ ਪੁਨਰ-ਵਿਚਾਰ ਕੇ ਨਵੀਂ ਦ੍ਰਿਸ਼ਟੀ ਤੋਂ ਰਚਣ ਦੀ ਸਾਰਥਕਤਾ ਪ੍ਰਵਾਨ ਚੜ੍ਹਦੀ ਹੈ। ਨਾਵਲਕਾਰ 'ਦੁੱਲੇ' ਬਾਰੇ ਪ੍ਰਚੱਲਤ ਲੋਕਗੀਤ—*ਸੁੰਦਰ ਮੁੰਦਰੀ ਏ, ਹੋ, ਤੇਰਾ ਕੌਣ ਵਿਚਾਰਾ, ਹੋ, ਦੁੱਲਾ ਭੱਟੀ ਵਾਲਾ, ਹੋ*—ਨਾਲ ਗੱਲ ਸ਼ੁਰੂ ਕਰਦਾ ਹੈ ਤੇ ਇਸ ਵਿਚ ਮੌਜੂਦ ਵੇਰਵੇ ਨੂੰ ਨਾਵਲ ਦੀ ਕਥਾ ਵਿਚ ਢੁੱਕਵੀਂ ਥਾਂ 'ਤੇ ਵਰਤਦਾ ਵੀ ਹੈ ਪਰ ਫਿਰ ਵੀ ਉਹ ਸਿਰਫ ਇਸ ਲੋਕਗੀਤ ਦੇ ਆਲੇ-ਦੁਆਲੇ ਤਕ ਹੀ ਸੀਮਤ ਨਹੀਂ ਰਹਿੰਦਾ; ਜਿਸ ਤੋਂ ਵੱਧ ਕਿ ਆਮ ਲੋਕ ਬਹੁਤਾ ਕੁਝ ਨਹੀਂ ਜਾਣਦੇ। ਉਹ ਇਸ ਕਥਾ ਰਾਹੀਂ 'ਦੁੱਲੇ' ਦੇ ਵਿਦ੍ਰੋਹੀ ਸੁਭਾ ਨੂੰ ਉਭਾਰਨ ਵਾਲਾ ਬਿਰਤਾਂਤ ਸਿਰਜਣ ਦਾ ਉਪਰਾਲਾ ਕਰਦਾ ਹੈ। ਇਹ ਨਾਵਲ 'ਦੁੱਲੇ' ਨੂੰ ਬਹੁਤ ਸੁਹਿਰਦਤਾ ਨਾਲ ਸਮਕਾਲ ਵਿਚ ਇਕ ਅਜਿਹੇ ਸਰਵ-ਪ੍ਰਵਾਨਿਤ ਕਿਰਦਾਰ ਦੀ ਉਸਾਰੀ ਲਈ ਵਰਤਣ ਦਾ ਜਤਨ ਹੈ ਜਿਸ ਨਾਲ ਪੰਜਾਬੀ ਮਨੁੱਖ ਆਪਣੀ ਸ਼ਖਸੀਅਤ ਦੇ ਕੁਝ ਅਹਿਮ ਪਛਾਣ-ਚਿਹਨ ਮੇਲ ਸਕਦਾ ਹੈ।

ਇਸੇ ਸਮੇਂ ਦੌਰਾਨ ਪੰਜਾਬੀ ਦੇ ਚਰਚਿਤ ਲੇਖਕ ਮਨਮੋਹਨ ਦਾ ਨਾਵਲ 'ਨਿਰਵਾਣ' ਵੀ ਸਾਹਮਣੇ ਆਇਆ ਜਿਸ ਉਪਰ ਬਹੁਤ ਚਰਚਾ ਵੀ ਹੋਈ। ਇਸ ਨਾਵਲ ਦਾ ਸੰਬੰਧ ਭਾਰਤ ਦੀ ਦਾਰਸ਼ਨਿਕ ਅਤੇ ਗਿਆਨ ਦੀ ਪਰੰਪਰਾ ਨੂੰ ਸਵੈ-ਅਨੁਭਵ ਦੀ ਪ੍ਰਕਿਰਿਆ ਰਾਹੀਂ ਗ੍ਰਹਿਣ ਕਰਦੇ ਹੋਏ, ਇਸਦੇ ਵਿਸ਼ੇਸ਼ ਵਿਚਾਰਧਾਰਕ ਸਰੋਕਾਰਾਂ ਨੂੰ ਉਸਾਰਨ ਨਾਲ ਹੈ।

ਹਰਜੀਤ ਅਟਵਾਲ ਦਾ ਨਾਵਲ 'ਅਕਾਲ ਸਹਾਏ' ਮਹਾਰਾਜਾ ਰਣਜੀਤ ਸਿੰਘ ਦੇ ਮਰਨ ਤੋਂ ਬਾਅਦ ਅੰਗਰੇਜ਼ਾਂ ਦੇ ਪੰਜਾਬ ਉਪਰ ਕਾਬਜ਼ ਹੋ ਜਾਣ ਤਕ ਦੇ ਸਮੇਂ ਨਾਲ ਸੰਬੰਧ ਹੈ। ਇਸ ਨਾਵਲ ਵਿਚ ਵੀ ਪੰਜਾਬ ਦੇ ਉਸ ਦੌਰ ਦੇ ਇਤਿਹਾਸਕ ਖੱਪਿਆਂ ਨੂੰ ਤਲਾਸ਼ਣ ਅਤੇ ਪੂਰਨ ਦਾ ਜਤਨ ਕੀਤਾ ਗਿਆ ਹੈ ਜਿਸ ਨੇ ਇਸ ਤੋਂ ਬਾਅਦ ਆਉਣ ਵਾਲੇ ਸਮੇਂ ਦੀ ਦਿਸ਼ਾ ਨੂੰ ਤੈਅ ਕਰਨਾ ਸੀ। ਇਨ੍ਹਾਂ ਇਤਿਹਾਸਕ ਨਾਵਲਾਂ ਦੀ ਲੜੀ ਵਿਚ ਇਕ ਬਹੁਤ ਦਿਲਚਸਪ ਤੱਥ ਹੈ ਕਿ ਇਕ ਤਾਂ ਇਹ ਪੰਜਾਬੀ ਦੇ ਪੁਰਾਤਨ, ਮੱਧਕਾਲ ਅਤੇ ਆਧੁਨਿਕ ਕਾਲ ਤਿੰਨਾਂ ਦੀ ਪਿੱਠਭੂਮੀਂ

ਵਿਚ ਲਿਖੇ ਜਾ ਰਹੇ ਹਨ ਅਤੇ ਦੂਜਾ ਇਹ ਕਿ ਬਹੁਤੇ ਵਿਸ਼ੇ, ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਦੁਆਲੇ ਵੀ ਉੱਸਰਦੇ ਹਨ। ਯਕੀਨਨ ਅੰਗਰੇਜ਼ਾਂ ਵਲੋਂ ਪੰਜਾਬ ਉਪਰ ਕਬਜ਼ਾ ਕਰਨ, ਇਥੋਂ ਦੇ ਇਤਿਹਾਸਕ ਵੇਰਵਿਆਂ ਨੂੰ ਸਾਮਰਾਜਵਾਦੀ ਸੱਤਾ ਦੇ ਹਿੱਤਾਂ ਮੁਤਾਬਕ ਬਿਆਨ ਕਰਨ ਵਰਗੇ ਅਮਲਾਂ ਨੇ ਜੋ ਆਵਾਜ਼ਾਂ ਉਸ ਵੇਲੇ ਦਬਾ ਦਿੱਤੀਆਂ ਸਨ, ਅਜੋਕੇ ਸਮੇਂ ਵਿਚ ਪੰਜਾਬੀ ਦੇ ਇਤਿਹਾਸਕ ਰੁਚੀ ਵਾਲੇ ਨਾਵਲਕਾਰ, ਉਨ੍ਹਾਂ ਹੀ ਦਮਿਤ ਇਤਿਹਾਸਕ ਤੱਥਾਂ ਅਤੇ ਮਸਲਿਆਂ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

ਡਾ. ਰਵਿੰਦਰ ਸਿੰਘ,
ਐਸੋਸੀਏਟ ਪ੍ਰੋਫੈਸਰ,
ਦਿਆਲ ਸਿੰਘ ਕਾਲਜ, ਦਿੱਲੀ-03
09810369568

(WZ-707-C/18, Shiv Nagar, New Delhi-110058)